# EDUCATIONAL PROVISIONS IN THE INDIAN CONSTITUTION
# ਭਾਰਤੀ-ਸੰਵਿਧਾਨ ਵਿੱਚ ਸਿੱਖਿਆ ਸੰਬੰਧੀ ਪਰਾਵਿਧਾਨ

**GURPREET SINGH, Ph.d.**
**Punjabi University, Patiala.**
**E-Mail: gsingh20927@gmail.com ਮੋਬਾਈਲ +91-9023514018**

**ABSTRACT**

*ਖੋਜ-ਪੱਤਰ/ਪੇਪਰ ਦਾ ਢੁਕਵਾਂ ਸਾਰ - ਸਿੱਖਿਆ ਮਨੁੱਖ ਨੂੰ ਕਿਸੇ ਵੀ ਤੱਥ ਉਪਰ ਤਰਕ ਵਿਤਰਕ ਕਰਨ ਦੀ ਸੂਝ ਦਿੰਦੀ ਹੈ। ਇਸ ਲਈ ਸਿੱਖਿਆ ਨੂੰ ਮਨੁੱਖ ਦਾ ਤੀਜਾ ਨੇਤਰ ਵੀ ਕਿਹਾ ਜਾਂਦਾ ਹੈ। ਭਾਰਤੀ ਸੰਵਿਧਾਨ ਦੇ ਲਾਗੂ ਹੋਣ ਤੋਂ ਪਹਿਲਾਂ ਭਾਰਤਵਰਸ਼ ਵਿਚ ਸਿੱਖਿਆ ਸੰਬੰਧੀ ਕੋਈ ਵੀ ਪ੍ਰਾਵਿਧਾਨ ਮੌਜੂਦ ਨਹੀਂ ਸੀ, ਜੇਕਰ ਕਿਧਰੇ ਸਿੱਖਿਆ ਪ੍ਰਦਾਨ ਕੀਤੀ ਵੀ ਜਾਂਦੀ ਸੀ ਤਾਂ ਉਹ ਮੰਦਿਰਾਂ, ਮੱਠਾਂ, ਠਾਕੁਰਦੁਆਰਿਆਂ ਵਿਚ ਕਿਸੇ ਵਿਸ਼ੇਸ਼ ਵਰਗ ਨੂੰ ਸਿੱਖਿਅਤ ਕਰਨ ਲਈ ਹੀ ਦਿੱਤੀ ਜਾਂਦੀ ਸੀ। ਇਸ ਤਰ੍ਹਾਂ ਇਸ ਕਿਸਮ ਦੀ ਸਿੱਖਿਆ ਦਾ ਕੋਈ ਵਿਸ਼ੇਸ਼ ਮਾਡਲ ਨਹੀਂ ਸੀ। ਇਸ ਲਈ ਇਸਨੂੰ ਸਿੱਖਿਆ ਦੇ ਅਨੁਪਚਾਰਿਕ ਰੂਪ ਵਿਚ ਹੀ ਰੱਖਿਆ ਜਾ ਸਕਦਾ ਹੈ। ਉਕਤ ਤਰ੍ਹਾਂ ਦੀ ਸਿੱਖਿਆ ਤੋਂ ਇਲਾਵਾ ਭਾਰਤ ਵਿਚ ਆਧੁਨਿਕ ਕਿਸਮ ਦੀ ਸਿੱਖਿਆ ਦਾ ਆਗਮਨ ਅੰਗਰੇਜ਼ੀ ਸ਼ਾਸਨ ਅਧੀਨ ਹੀ ਹੁੰਦਾ ਹੈ। ਸਿੱਖਿਆ ਨੂੰ ਹਰੇਕ ਨਾਗਰਿਕ ਦਾ ਅਧਿਕਾਰ ਸਮਝਣ ਲਈ ਸਿੱਖਿਆ ਸੰਬੰਧੀ ਸੰਵਿਧਾਨ ਵਿੱਚ ਵਿਸ਼ੇਸ਼ ਪ੍ਰਾਵਿਧਾਨ ਹਨ। ਇਨ੍ਹਾਂ ਪ੍ਰਾਵਿਧਾਨਾਂ ਦਾ ਵੇਰਵਾ ਹੱਥਲੇ ਪਰਚੇ ਵਿਚ ਪੇਸ਼ ਕੀਤਾ ਗਿਆ ਹੈ। ਵੇਰਵੇ ਦੇ ਨਾਲ ਨਾਲ ਉਨ੍ਹਾਂ ਦਾ ਮੁਲਾਂਕਣ ਕਰਨਾ ਵੀ ਇਸ ਪਰਚੇ ਦਾ ਪ੍ਰਯੋਜਨ ਹੈ। ਭਾਰਤੀ ਸੰਵਿਧਾਨ ਵਿੱਚ ਦਰਜ਼ ਸਿੱਖਿਆ ਸੰਬੰਧੀ ਪ੍ਰਾਵਿਧਾਨਾਂ ਦਾ ਸਾਧਾਰਨ ਲੋਕਾਂ ਉਪਰ ਪ੍ਰਭਾਵ ਅਤੇ ਸਰਕਾਰਾਂ ਦੁਆਰਾ ਇਨ੍ਹਾਂ ਪ੍ਰਾਵਿਧਾਨਾਂ ਨੂੰ ਲਾਗੂ ਕਰਨ ਦੀਆਂ ਨੀਤੀਆਂ ਵਿਚ ਸਫ਼ਲਤਾ ਵਿਫਲਤਾ ਨੂੰ ਵੀ ਹੱਥਲੇ ਪਰਚੇ ਵਿਚ ਵਿਸ਼ਲੇਸ਼ਿਤ ਕੀਤਾ ਗਿਆ ਹੈ।*

**ਕੀਵਰਡ**: ***ਭਾਰਤੀ ਸੰਵਿਧਾਨ, ਸਿੱਖਿਆ ਅਤੇ ਪ੍ਰਾਵਿਧਾਨ***

ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ-ਸੰਵਿਧਾਨ ਦੀ ਪ੍ਰਸਤਾਵਨਾ ਸੰਪੂਰਨ ਭਾਰਤੀ ਸੰਵਿਧਾਨ ਦਾ ਨਿਚੋੜ ਹੈ,ਇਸ ਤੋਂ ਸਿੱਖਿਆ ਢਾਂਚੇ ਬਾਰੇ ਕਾਫੀ ਵਿਆਪਕ ਜਾਣਕਾਰੀ ਮਿਲਦੀ ਹੈ।ਕਿਉਂਕਿ ਇਸ ਤੋਂ ਹੀ ਪ੍ਰਭਾਵਿਤ ਹੋ ਕੇ ਸਿੱਖਿਆ ਨੀਤੀਆਂ ਹੋਂਦ ਵਿੱਚ ਆਉਂਦੀਆਂ ਹਨ ਅਤੇ ਅੱਗੇ ਆਉਂਦੀਆਂ ਰਹਿਣਗੀਆਂ।ਇਸ ਵਿੱਚ ਲਿਖਿਆ ਹੈ-ਅਸੀਂ ਭਾਰਤ ਦੇ ਲੋਕ ਭਾਰਤ ਨੂੰ ਇੱਕ ਸੰਪੂਰਣਪ੍ਰਭੁਸੱਤਾ ਸੰਪੰਨ ਸਮਾਜਵਾਦੀ,ਧਰਮ ਨਿਰਪੱਖ, ਲੋਕਤੰਤਰੀ ਗਣਰਾਜ ਬਣਾਉਣ ਦਾ ਦ੍ਰਿੜਨਿਸਚਾ ਕਰਦੇ ਹਾਂ ਅਤੇ ਇਸ ਦੇ ਨਾਗਰਿਕਾਂ ਨੂੰ ਨਿਆਂ ਸਮਾਜਿਕ, ਆਰਥਿਕ ਅਤੇ ਰਾਜਨੀਤਕ ਤੌਰ ਤੇ ਸੁਤੰਤਰਤਾ, ਵਿਚਾਰ, ਪ੍ਰਗਟਾਅ,ਨਿਸ਼ਚਾ, ਵਿਸ਼ਵਾਸ ਅਤੇ ਪੂਜਾ ਦੀ ਸੁਤੰਤਰਤਾ ਹੈ:

ਸਮਾਨਤਾ: ਦਰਜ਼ੇ ਅਤੇ ਮੌਕੇ ਦੀ ਅਤੇ ਸਭ ਵਿੱਚ ਇਸਦੇ ਸੰਚਾਰ ਦੀ।

ਭਰਾਤਰੀ ਭਾਵ: ਵਿਅਕਤੀ ਦੇ ਮਾਣ ਅਤੇ ਰਾਸ਼ਟਰੀ ਏਕਤਾ ਅਤੇ ਅਖੰਡਤਾ ਦੀ ਪ੍ਰਾਪਤੀ ਕਰਨ।

ਦ੍ਰਿੜ ਸੰਕਲਪ ਹੋ ਕੇ ਆਪਣੀ ਇਸ ਸੰਵਿਧਾਨ ਸਭਾ ਵਿੱਚ 26 ਨਵੰਬਰ 1949 ਈਸਵੀ ਨੂੰ ਇਸ ਦੁਆਰਾ ਇਸ ਸੰਵਿਧਾਨ ਨੂੰ ਅੰਗੀਕਾਰਅਧਿਨਿਯਤ ਅਤੇ ਆਤਮ ਸਮਰਪਣ ਕਰਦੇ ਹਾਂ।

ਮੌਲਿਕ ਅਧਿਕਾਰ ਸਿੱਖਿਆ- ਸੰਵਿਧਾਨ ਦੀ 86ਵੀਂ ਸ਼ੋਧ ਐਕਟ, 2002 ਦੀ ਧਾਰਾ (2) ਦੁਆਰਾ (1.04.2010 ਤੋਂ ਪ੍ਰਭਾਵੀ) 6-14 ਉਮਰਜੁੱਟ ਦੇ ਬੱਚਿਆਂ ਦੀ ਮੁਫ਼ਤ ਤੇ ਲਾਜਮੀ ਤੇ ਵਿਆਪਕ ਸਿੱਖਿਆ ਨੂੰ ਬੱਚਿਆਂ ਦਾ ਬੁਨਿਆਦੀ ਅਧਿਕਾਰ ਬਣਾ ਦਿੱਤਾ ਗਿਆ ਹੈ। ਇਸ ਨਾਲ ਹੁਣਕੇਂਦਰ ਅਤੇ ਰਾਜ ਸਰਕਾਰ ਦੀ ਸੰਵਿਧਾਨਕ ਜ਼ਿੰਮੇਵਾਰੀ ਬਣ ਗਈ ਹੈ। ਅੱਠ ਸਾਲ ਮੁਫਤ ਤੇ ਲਾਜਮੀ ਸਿੱਖਿਆ ਦੇਣੀ ਜੇ ਸਰਕਾਰ ਇਸ ਪੱਧਰ ਤੇਸਕੂਲ ਨਹੀਂ ਖੋਲ੍ਹਦੀ ਜਾਂ ਸਿੱਖਿਆ ਦਾ ਪ੍ਰਬੰਧ ਨਹੀਂ ਕਰਦੀ ਤਾਂ ਕਚਹਿਰੀਆਂ ਵਿਚ ਸਰਕਾਰ ਦੇ ਖਿਲਾਫ ਫਰਿਆਦ ਕੀਤੀ ਜਾ ਸਕਦੀ ਹੈ।

ਕਰਤੱਵ- ਭਾਰਤੀ ਸੰਵਿਧਾਨ ਲਈ ਸ਼ੋਧ ਐਕਟ 2002 ਦੀ ਧਾਰਾ ਚਾਰ ਦੁਆਰਾ (01.04.2010 ਤੋਂ ਪ੍ਰਭਾਵੀ) ਬੱਚਿਆਂ ਦੇ ਮਾਤਾ ਪਿਤਾ ਜੋਸਰਪ੍ਰਸਤ ਹਨ , ਉਨ੍ਹਾਂ ਦਾ ਕਰਤੱਵ ਹੈ ਕਿ ਉਹ ਛੇ ਸਾਲ ਤੋਂ 14 ਸਾਲ ਤੱਕ ਦੀ ਉਮਰ ਵਾਲੇ ਆਪਣੇ ਬੱਚੇ ਜਾਂ ਜਿਹੀ ਕਿ ਸੂਰਤ ਹੋਵੇ ਪ੍ਰਤੀਪਾਲਕਦੇ ਲਈ ਸਿੱਖਿਆ ਦੇ ਮੌਕੇ ਦੇਣਾ ਅਤਿ ਜ਼ਰੂਰੀ ਹੈ।ਇਸ ਨਾਲ ਸਰਵਵਿਆਪਕ ਸਿੱਖਿਆ ਦੇ ਟੀਚੇ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ।

ਭਾਰਤ ਦਾ ਸੰਵਿਧਾਨ ਅਤੇ ਸਿੱਖਿਆ- 26 ਜਨਵਰੀ 1950 ਨੂੰ ਭਾਰਤ ਗਣਤੰਤਰ ਘੋਸ਼ਿਤ ਕਰ ਦਿੱਤਾ ਗਿਆ। ਭਾਰਤ ਵਿੱਚ ਆਪਣਾ ਸੰਵਿਧਾਨ ਲਾਗੂ ਹੋਇਆ । ਇਸ ਦਿਨ ਤੋਂ ਬਾਅਦ ਰਾਸ਼ਟਰ ਦੀ ਸੱਤਾ ਜਨਤਾ ਦੇ ਹੱਥ ਆ ਗਈ। ਸਿੱਖਿਆ ਸੰਬੰਧੀ ਭਾਰਤ ਦੇ ਸੰਵਿਧਾਨ ਵਿੱਚ ਕੁੱਝ ਕੁ ਗੱਲਾਂ ਸਪੱਸ਼ਟ ਕੀਤੀਆਂ ਗਈਆਂ ਹਨ।

| | ਵਿਵਸਥਾ ਆਰਟੀਕਲ | ਧਾਰਾ |
|---|---|---|
| 1 | ਮੁਫ਼ਤ ਅਤੇ ਲਾਜ਼ਮੀ ਸਿੱਖਿਆ | 45 |
| 2 | ਕਮਜ਼ੋਰ ਵਰਗਾਂ ਦੀ ਸਿੱਖਿਆ | 15,17,46 |
| 3 | ਘੱਟ ਗਿਣਤੀ ਵਾਲੇ ਵਰਗਾਂ ਦੀ ਸਿੱਖਿਆ | 29,30,350(B) |
| 4 | ਪ੍ਰਾਇਮਰੀ ਪੱਧਰ ਤੇ ਮਾਤ ਭਾਸ਼ਾ ਵਿੱਚ ਸਿੱਖਿਆ | 350(A) |
| 5 | ਹਿੰਦੀ ਦਾ ਵਿਕਾਸ | 351 |
| 6 | ਧਰਮ ਨਿਰਪੇਖ ਸਿੱਖਿਆ | 25(1),28(1),(2),(3) |
| 7 | ਇਸਤਰੀ ਸਿੱਖਿਆ | 15(1), (3),16(1) |

| | | |
|---|---|---|
| 8 | ਉੱਚ ਸਿੱਖਿਆ ਅਤੇ ਖੋਜ ਸਿੱਖਿਆ ਲਿਸਟ ਇੱਕ ਦੀ ਐਂਟਰੀ | 63,64,65,66. |
| 9 | ਸਿੱਖਿਆ ਅਤੇ ਵਿਦੇਸ਼ਾਂ ਨਾਲ ਸੰਸਕ੍ਰਿਤਕ ਸੰਬੰਧ ਲਿਸਟ ਇੱਕ ਦੀ ਐਂਟਰੀ 13 | |
| 10 | ਸੰਘੀ ਖੇਤਰਾਂ ਵਿਚ ਸਿੱਖਿਆ | ਧਾਰਾ 239(1)(2) |
| 11 | ਸਿੱਖਿਆ ਕਾਰਜਾਂ ਲਈ ਵਿਧਾਨਕ ਸ਼ਕਤੀਆਂ ਲਿਸਟ ਦੋ ਲਿਸਟ 2 ਅਤੇ ਲਿਸਟ 3 ਜੋ 42ਵੀਂ ਸੋਧ ਵਿੱਚ ਸ਼ਾਮਲ ਹੈ। | |
| 12 | ਆਰਥਿਕ ਅਤੇ ਸਮਾਜਿਕ ਯੋਜਨਾ ਲਿਸਟ 3 ਦੀ ਐਂਟਰੀ 20 ਵਿੱਚ | |
| 13 | ਕਾਮਿਆਂ ਦੀ ਵਿਵਸਾਇਕ ਅਤੇ ਤਕਨੀਕੀ ਸਿਖਲਾਈ ਲਿਸਟ 3 ਦੀ ਐਂਟਰੀ 25 | |
| 14 | ਮੌਲਿਕ ਅਧਿਕਾਰ ਅਤੇ ਬੱਚਿਆਂ ਦੇ ਮਾਪਿਆਂ/ਸਰਪ੍ਰਸਤ ਦਾ ਕਰਤੱਵ | 21(A),51(A) |
| 15 | 15 ਮੁੱਢਲੇ ਪੱਧਰ ਦੀ ਸਿੱਖਿਆ ਮਾਤ ਭਾਸ਼ਾ ਵਿੱਚ | 350(A) |
| 16 | ਐਂਗਲੋ ਇੰਡੀਅਨ ਸਮੁਦਾਇ ਦੀ ਸਿੱਖਿਆ | 337 |

1. ਮੁਫ਼ਤ ਅਤੇ ਲਾਜ਼ਮੀ ਪ੍ਰਾਇਮਰੀ ਸਿੱਖਿਆ- ਧਾਰਾ 45 ਦੇ ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤ ਵਿੱਚ ਲਿਖਿਆ ਹੈ ਕਿ ਰਾਜ ਸੰਵਿਧਾਨ ਦੇ ਆਰੰਭ ਦੇ ਦਸ ਸਾਲਾਂ ਦੇ ਅੰਦਰ ਚੌਦਾਂ ਸਾਲ ਦੀ ਉਮਰ ਪੂਰੀ ਕਰਨ ਤੱਕ ਮੁਫ਼ਤ ਅਤੇ ਲਾਜ਼ਮੀ ਪ੍ਰਾਇਮਰੀ ਸਿੱਖਿਆ ਦਾ ਪ੍ਰਬੰਧ ਕਰਨ ਦੀ ਕੋਸ਼ਿਸ਼ ਕਰੇਗਾ।ਇਹ ਰਾਜ ਦੇ ਨਿਰਦੇਸ਼ਕ ਸਿਧਾਂਤਾਂ ਵਿੱਚ ਇੱਕ ਹੈ। ਪਰ ਧਾਰਾ 21(A) ਦੇ ਅਨੁਸਾਰ ਬੱਚਿਆਂ ਦਾ ਮੁਫ਼ਤ ਅਤੇ ਲਾਜ਼ਮੀ ਸਿੱਖਿਆ 6-14 ਸਾਲ ਤੱਕ ਮੌਲਿਕ ਅਧਿਕਾਰ ਵੀ ਹੈ।
2. ਲੋਕਾਂ ਦੇ ਕਮਜ਼ੋਰ ਵਰਗਾਂ ਦੀ ਸਿੱਖਿਆ- ਸੰਵਿਧਾਨ ਦੀ ਧਾਰਾ 46,15,17 ਦੇ ਅੰਤਰਗਤ ਲੋਕਾਂ ਦੇ ਕਮਜ਼ੋਰ ਵਰਗਾਂ ਦੀ ਸਿੱਖਿਆ ਖ਼ਾਸ ਕਰਕੇ ਹਰੀਜਨ,ਐਸ.ਟੀ. ਦੀ ਸੁਨਿਸ਼ਚਿਤ ਕਰੇਗਾ।ਧਾਰਾ 15 ਦੇ ਅਨੁਸਾਰ ਰਾਜ ਕਿਸੇ ਵੀ ਨਾਗਰਿਕ ਨਾਲ ਸਿਰਫ਼ ਲਿੰਗ ਦੇ ਆਧਾਰ ਤੇ ਭੇਦ-ਭਾਵ ਨਹੀਂ ਕਰੇਗਾ।
3. ਘੱਟ ਗਿਣਤੀ ਵਾਲੇ ਵਰਗਾਂ ਦੀ ਸਿੱਖਿਆ- ਇਸ ਲਈ ਧਾਰਾ 29,30,350(B) ਵਿੱਚ ਪ੍ਰਬੰਧ ਕੀਤਾ ਗਿਆ ਹੈ।

   ਧਾਰਾ 29- * ਭਾਰਤ ਦੇ ਕਿਸੇ ਵੀ ਇਲਾਕੇ ਵਿੱਚ ਰਹਿਣ ਵਾਲੇ ਸ਼ਹਿਰੀਆਂ ਦੇ ਕਿਸੇ ਵੀ ਵਰਗ ਨੂੰ ਜਿਸ ਦੀ ਆਪਣੀ ਵਿਸ਼ੇਸ਼, ਭਾਸ਼ਾ, ਲਿੱਪੀ ਜਾਂ ਸੱਭਿਅਤਾ ਹੈ, ਉਹ ਉਨ੍ਹਾਂ ਨੂੰ ਸੁਰੱਖਿਅਤ ਰੱਖ ਸਕੇ।

- ਹਰੇਕ ਸ਼ਹਿਰੀ ਨੂੰ ਰਾਜ ਦੁਆਰਾ ਚਲਾਈ ਗਈ ਸਿੱਖਿਆ ਸੰਸਥਾ ਜਾਂ ਰਾਜ ਦੁਆਰਾ ਸਹਾਇਤਾ ਗਰਾਂਟ ਪ੍ਰਾਪਤ ਸੰਸਥਾ ਵਿੱਚ ਧਰਮ, ਜਾਤ, ਕਬੀਲੇ, ਭਾਸ਼ਾ, ਆਦਿ ਦੇ ਭੇਦ ਭਾਵ ਬਿਨਾਂ ਦਾਖਲਾ ਦੇਣ ਦਾ ਅਧਿਕਾਰ ਹੈ।
- ਧਾਰਾ 30- * ਘੱਟ ਗਿਣਤੀ ਵਾਲੀਆਂ ਜਾਤੀਆਂ ਨੂੰ ਸਿੱਖਿਆ ਸੰਸਥਾਵਾਂ ਕਾਇਮ ਕਰਨ ਅਤੇ ਚਲਾਉਣ ਦਾ ਅਧਿਕਾਰ, ਉਹ ਭਾਵੇਂ ਧਰਮ ਦੇ ਆਧਾਰ ਤੇ ਜਾਂ ਭਾਸ਼ਾ ਦੇ ਆਧਾਰ ਤੇ।
- ਰਾਜ ਸਹਾਇਤਾ ਗਰਾਂਟ ਦੇਣ ਵਿੱਚ ਇਸ ਗੱਲ ਵਿੱਚ ਭੇਦਭਾਵ ਨਹੀਂ ਕਰੇਗਾ ਕਿ ਕੋਈ ਸਿੱਖਿਆ ਸੰਸਥਾ ਘੱਟ ਗਿਣਤੀ ਦੇ ਵਰਗ ਦੇ ਅਧੀਨ ਹੈ, ਜਿਸਦਾ ਆਧਾਰ ਧਰਮ ਜਾਂ ਭਾਸ਼ਾ ਹੈ।

4. ਪ੍ਰਾਇਮਰੀ ਪੱਧਰ ਤੇ ਮਾਤ ਭਾਸ਼ਾ ਦੀ ਸਿੱਖਿਆ- ਧਾਰਾ 350A ਦਾ ਸੰਬੰਧ ਪ੍ਰਾਇਮਰੀ ਪੱਧਰ ਤੇ ਮਾਤ ਭਾਸ਼ਾ ਦੁਆਰਾ ਸਿੱਖਿਆ ਤੇ ਹੈ, ਇਸ ਤਰ੍ਹਾਂ ਭਾਰਤੀ ਸੰਵਿਧਾਨ ਦੇ ਭਾਗ ਅਧਿਆਇ xvi (iv) ਵਿਸ਼ੇਸ਼ ਨਿਦੇਸ਼ ਹਰੇਕ ਰਾਜ ਅਤੇ ਰਾਜ ਵਿੱਚ ਹਰੇਕ ਸਥਾਨਕ ਸੱਤਾ ਦੀ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਉਹ ਭਾਸ਼ਾਈ ਘੱਟ ਗਿਣਤੀ ਦੇ ਵਰਗਾਂ ਦੇ ਬੱਚਿਆਂ ਲਈ ਪ੍ਰਾਇਮਰੀ ਪੱਧਰ ਤੇ ਮਾਤ ਭਾਸ਼ਾ ਵਿੱਚ ਸਿੱਖਿਆ ਦੇਣ ਦੀਆਂ ਉਚਿੱਤ ਸਹੂਲਤਾਂ ਦੇਵੇ, ਅਤੇ ਰਾਸ਼ਟਰਪਤੀ ਹਰੇਕ ਰਾਜ ਨੂੰ ਅਜਿਹੇ ਆਦੇਸ਼ ਜਾਰੀ ਕਰੇ ਤਾਂ ਜੋ ਕਿ ਉਹ ਜ਼ਰੂਰੀ ਸਮਝੇ, ਇਨ੍ਹਾਂ ਸਹੂਲਤਾਂ ਦੀ ਸੁਰੱਖਿਆ ਲਈ ਦੇ ਸਕਦਾ ਹੈ।

   ਧਾਰਾ 350-(B)- ਸੰਵਿਧਾਨ ਦੇ ਅਧੀਨ ਭਾਰਤੀ ਭਾਸ਼ਾਈ ਘੱਟ ਗਿਣਤੀ ਦੇ ਵਰਗਾਂ ਦੀਆਂ ਉਨ੍ਹਾਂ ਸਹੂਲਤਾਂ ਦੀ ਸੁਰੱਖਿਆ ਲਈ ਇੱਕ ਕਰਮਚਾਰੀ ਦੀ ਨਿਯੁਕਤੀ ਦੀ ਚਰਚਾ ਕਰੇਗਾ ਤੇ ਉਹ ਕਰਮਚਾਰੀ ਘੱਟ ਭਾਸ਼ਾਈ ਗਿਣਤੀਆਂ ਦੀ ਛਾਣਬੀਣ ਕਰੇਗਾ।

5. 5. ਹਿੰਦੀ ਦਾ ਪ੍ਰਸਾਰ- ਧਾਰਾ 351 ਦੇ ਅਨੁਸਾਰ ਕੇਂਦਰ ਦੀ ਇਹ ਖਾਸ ਜ਼ੁੰਮੇਵਾਰੀ ਹੈ ਕਿ ਉਹ ਰਾਸ਼ਟਰੀ ਭਾਸ਼ਾ ਅਰਥਾਤ ਹਿੰਦੀ ਦਾ ਵਿਕਾਸ ਕਰੇ ਤਾਂ ਕਿ ਉਹ ਭਾਰਤੀ ਸੱਭਿਅਤਾ ਦੇ ਤੱਤਾਂ ਦੇ ਪ੍ਰਗਟਾਵੇ ਦਾ ਮਾਧਿਅਮ ਬਣ ਸਕੇ।ਇਸ ਉਦੇਸ਼ ਲਈ ਗ੍ਰਹਿ ਮੰਤਰਾਲੇ ਦੇ ਅਧੀਨ ਹਿੰਦੀ ਦਾ ਡਾਇਰੈਕਟੋਰੇਟ ਹੈ।
6. 6. ਧਰਮ ਨਿਰਲੇਪ/ਧਾਰਮਿਕ ਸਿੱਖਿਆ- ਧਾਰਾ 25(1) ਇਸ ਗੱਲ ਦੀ ਗਾਰੰਟੀ ਦਿੰਦੀ ਹੈ ਕਿ ਉਨ੍ਹਾਂ ਨੂੰ ਅੰਤਰਾਤਮਾ ਦੀ ਅਜ਼ਾਦੀ ਦੇ ਨਾਲ ਨਾਲ ਕਿਸੇ ਵੀ ਧਰਮ ਵਿੱਚ ਨਿਸ਼ਚਾ ਰੱਖਣ, ਅਪਣਾਉਣ ਅਤੇ ਉਸਦਾ ਪ੍ਰਚਾਰ ਕਰਨ ਦਾ ਅਧਿਕਾਰ ਹੈ।

- ਧਾਰਾ 28(1) ਦੇ ਅਨੁਸਾਰ ਕਿਸੇ ਅਜਿਹੀ ਸਿੱਖਿਆ ਸੰਸਥਾ ਵਿੱਚ ਜੋ ਸੰਪੂਰਨ ਤੌਰ ਤੇ ਰਾਜ ਦੁਆਰਾ ਚਲਾਈ ਜਾਂਦੀ ਹੈ ਧਾਰਮਿਕ ਸਿੱਖਿਆ ਦਾ ਪ੍ਰਬੰਧ ਨਹੀਂ ਹੋਵੇਗਾ।
- ਧਾਰਾ 28(2) ਦੇ ਅਨੁਸਾਰ ਧਾਰਾ 28(1) ਉਸ ਸੰਸਥਾ ਤੇ ਲਾਗੂ ਨਹੀਂ ਹੋਵੇਗੀ,ਜਿਸ ਦਾ ਧਿਆਨ ਤਾਂ ਰਾਜ ਸਰਕਾਰ ਰੱਖਦੀ ਹੈ, ਪ੍ਰੰਤੂ ਜੋ ਕਿਸੇ ਟ੍ਰਸਟ ਜਾਂ ਵਿਸ਼ਿਸ਼ਟ ਅਧਿਕਾਰਾਂ ਆਦਿ ਨਾਲ ਸੰਪੰਨ ਵਿਧੀ ਦੁਆਰਾ ਸਥਾਪਿਤ ਕੀਤੀ ਗਈ ਹੈ।

  ਧਾਰਾ 28 (3) ਦ ਅਨੁਸਾਰ ਕਿਸੇ ਸਿੱਖਿਆ ਸੰਸਥਾ ਵਿੱਚ ਜਿਸ ਨੂੰ ਰਾਜ ਦੁਆਰਾ ਮਨਜ਼ੂਰੀ ਪ੍ਰਾਪਤ ਹੈ, ਜਾਂ ਜਿਸ ਨੂੰ ਰਾਜ ਕੋਸ਼ ਤੋਂ ਸਹਾਇਤਾ ਅਨੁਦਾਨ ਮਿਲਦਾ ਹੈ, ਪੜ੍ਹਨ ਵਾਲੇ ਕਿਸੇ ਵਿਅਕਤੀ ਲਈ ਉਸ ਸਿੱਖਿਆ ਸੰਸਥਾ ਵਿੱਚ ਦਿੱਤੀ ਜਾਣ ਵਾਲੀ ਧਾਰਮਿਕ ਸਿੱਖਿਆ ਵਿੱਚ ਭਾਗ ਲੈਣਾ ਜ਼ਰੂਰੀ ਨਹੀਂ ਹੋਵੇਗਾ। ਉਸ ਸੰਸਥਾ ਵਿੱਚ ਪੂਜਾ ਵਿੱਚ

ਸ਼ਾਮਲ ਹੋਣਾ ਜ਼ਰੂਰੀ ਨਹੀਂ ਜਾਂ ਉਸਦੇ ਨਾਲ ਲੱਗੇ ਅਜਿਹੇ ਸਥਾਨ ਜਿੱਥੇ ਪੂਜਾ ਹੁੰਦੀ ਹੈ, ਜਾਣਾ ਜ਼ਰੂਰੀ ਨਹੀਂ ਹੈ, ਜੇ ਉਹ ਬਾਲਗ ਹੈ ਤਾਂ ਖੁਦ ਜ਼ਿੰਮੇਵਾਰ ਹੈ ਅਤੇ ਜੇ ਨਾਬਾਲਗ ਹੈ ਤਾਂ ਉਸ ਦੇ ਧਾਰਮਿਕ ਸਿੱਖਿਆ ਵਿੱਚ ਭਾਗ ਲੈਣ ਦੀ ਮਨਜ਼ੂਰੀ ਉਸ ਦੇ ਮਾਪਿਆਂ ਤੋਂ ਲੈਣੀ ਹੋਵੇਗੀ।

7. ਇਸਤਰੀ ਸਿੱਖਿਆ- ਭਾਰਤ ਦੇ ਸੰਵਿਧਾਨ ਵਿੱਚ ਅਨੁਛੇਦ 15 ਦੇ ਅਨੁਸਾਰ ਰਾਜ ਕਿਸੇ ਵੀ ਨਾਗਰਿਕ ਨਾਲ ਭੇਦ ਭਾਵ ਨਹੀਂ ਕਰੇਗਾ।

   ਅਨੁਛੇਦ 15 (1) ਅਨੁਸਾਰ ਰਾਜ ਲਿੰਗ ਦੇ ਆਧਾਰ ਤੇ ਕਿਸੇ ਵੀ ਨਾਗਰਿਕ ਨਾਲ ਭੇਦ ਭਾਵ ਨਹੀਂ ਕਰੇਗਾ।

   ਅਨੁਛੇਦ 15(3) ਅਨੁਸਾਰ ਰਾਜ ਇਸਤਰੀਆਂ ਦੀ ਭਲਾਈ ਲਈ ਜਿਸ ਵਿਚ ਸਿੱਖਿਆ ਵੀ ਸ਼ਾਮਲ ਹੈ, ਵਿਸ਼ੇਸ਼ ਸਹੂਲਤਾਂ ਪ੍ਰਦਾਨ ਕਰੇਗਾ।

8. ਸਿੱਖਿਆ, ਕੇਂਦਰੀ ਅਤੇ ਰਾਜ ਵਿਸ਼ਾ- ਭਾਰਤ ਦੇ ਸੰਵਿਧਾਨ ਅਨੁਸਾਰ ਸਿੱਖਿਆ ਕੇਂਦਰੀ ਵਿਸ਼ਾ ਅਤੇ ਰਾਜ ਵਿਸ਼ਾ ਵੀ ਹੈ। ਇਸ ਲਈ ਸਿੱਖਿਆ ਦੇ ਵਿਸਥਾਰ ਅਤੇ ਵਿਕਾਸ ਦੀ ਜ਼ਿੰਮੇਵਾਰੀ ਕੇਂਦਰ ਅਤੇ ਰਾਜਾਂ ਦੋਹਾਂ ਉੱਪਰ ਹੁੰਦੀ ਹੈ। 42ਵੀਂ ਸ਼ੋਧ ਤੋਂ ਪਹਿਲਾਂ ਸਿੱਖਿਆ ਸੰਵਿਧਾਨ ਦੀ 7 ਵੀਂ ਅਨੁਸੂਚੀ ਦੀ ਸੂਚੀ 11 ਦੀ ਪ੍ਰਵਿਸਟੀ 71 ਦੇ ਅਨੁਸਾਰ ਇਕ ਰਾਜ ਵਿਸ਼ਾ ਸੀ, ਪ੍ਰੰਤੂ 42 ਵੇਂ ਸੰਸ਼ੋਧਨ ਜੋ 11 ਨਵੰਬਰ 1976 ਨੂੰ ਸੰਸਦ ਦੁਆਰਾ ਪਾਸ ਕੀਤਾ ਗਿਆ ਅਤੇ 18 ਦਸੰਬਰ, 1976 ਨੂੰ ਜਿਸ ਉਪਰ ਰਾਸ਼ਟਰਪਤੀ ਨੇ ਹਸਤਾਖਰ ਕੀਤੇ, ਨਾਲ ਸਿੱਖਿਆ ਸਮਵਰਤੀ ਸੂਚੀ ਵਿੱਚ ਆ ਗਈ, ਸੂਚੀ 1 ਦੀ ਪ੍ਰਵਿਸਟੀ 63, 64, 65, 66, ਦੇ ਅੰਤਰਗਤ ਹੈ।

9. ਉੱਚ ਸਿੱਖਿਆ ਅਤੇ ਖੋਜ- ਸੰਘੀ ਸੂਚੀ ਨੰਬਰ 1 ਦੀ ਪ੍ਰਵਿਸਟੀ 63 ਤੋਂ 66 ਤੱਕ ਵਿਚ ਹੈ, ਕਾਨੂੰਨ ਬਣਾਉਣ ਦੀ ਇਕ ਮਾਤਰ ਸ਼ਕਤੀ ਪ੍ਰਾਪਤ ਹੈ।

i. ਸੰਘੀ ਸੂਚੀ 1ਦੀ ਪ੍ਰਵਿਸਟੀ 63, ਰਾਸ਼ਟਰੀ ਮਹੱਤਵ ਦੀਆਂ ਸੰਸਥਾਵਾਂ ਜਿਵੇਂ BHU, AIU ,DU ਅਤੇ ਦੂਜੀਆਂ ਸੰਸਥਾਵਾਂ ਜਿਨ੍ਹਾਂ ਨੂੰ ਲੋਕ ਸਭਾ ਨੇ ਰਾਸ਼ਟਰੀ ਮਹੱਤਵ ਦੀਆਂ ਸੰਸਥਾਵਾਂ ਐਲਾਨ ਕੀਤਾ ਹੈ।

ii. ਸੰਘੀ ਸੂਚੀ ਇੱਕ ਦੀ ਪ੍ਰਵਿਸਟੀ 64, ਵਿਗਿਆਨਕ ਅਤੇ ਤਕਨੀਕੀ ਸਿੱਖਿਆ ਦੀਆਂ ਸੰਸਥਾਵਾਂ ਜਿਨ੍ਹਾਂ ਨੂੰ ਭਾਰਤ ਸਰਕਾਰ ਪੂਰਨ ਤੌਰ ਤੇ ਜਾਂ ਅੰਸ਼ਿਕ ਤੌਰ ਤੇ ਵਿੱਤੀ ਸਹਾਇਤਾ ਦਿੰਦੀ ਹੈ, ਅਤੇ ਜਿਨ੍ਹਾਂ ਨੂੰ ਲੋਕ ਸਭਾ ਜਾਂ ਕਾਨੂੰਨ ਨੇ ਰਾਸ਼ਟਰੀ ਮਹੱਤਵ ਦੀਆਂ ਸੰਸਥਾਵਾਂ ਐਲਾਨ ਕੀਤਾ ਹੈ।

iii. ਸੰਘੀ ਸੂਚੀ ਇੱਕ ਦੀ ਪ੍ਰਵਿਸਟੀ 65 ਸੰਘੀ ਏਜੰਸੀਆਂ ਅਤੇ ਸੰਸਥਾਵਾਂ

   ੳ) ਪੁਲਿਸ ਅਫਸਰਾਂ ਸਮੇਤ ਵਿਵਸਾਇਕ,ਪੇਸਾਵਾਰਨਾ, ਜਾਂ ਤਕਨੀਕੀ ਸੰਸਥਾਵਾਂ ਜਾਂ

   ਅ) ਵਿਸ਼ੇਸ਼ ਅਧਿਐਨ ਜਾਂ ਖੋਜ ਉਨਤੀ

   ੲ) ਤਫਤੀਸ਼ ਜਾਂ ਅਪਰਾਧ ਦੀ ਜਾਂਚ ਵਿੱਚ ਸਹਾਇਕ ਵਿਗਿਆਨਕ ਅਤੇ ਤਕਨੀਕੀ ਸਹਾਇਤਾ ਦੇਣ ਵਾਲੀਆਂ ਸੰਸਥਾਵਾਂ।

iv. ਸੰਘੀ ਸੂਚੀ ਇੱਕ ਦੀ ਪ੍ਰਵਿਸਟੀ 66, ਪੱਧਰਾਂ ਦਾ ਤਾਲਮੇਲ ਤੇ ਨਿਰਧਾਰਨ- ਉਚ ਸਿੱਖਿਆ ਜਾਂ ਖੋਜ ਦੀਆਂ ਸੰਸਥਾਵਾਂ ਤੇ ਵਿਗਿਆਨਕ ਅਤੇ ਤਕਨੀਕੀ ਸੰਸਥਾਵਾਂ ਵਿੱਚ ਪੱਧਰਾਂ ਦਾ ਤਾਲਮੇਲ ਅਤੇ ਨਿਰਧਾਰਨ ਰਹੇ। ਇਸ ਪ੍ਰਵਿਸਟੀ ਵਿਚ ਕੇਂਦਰੀ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਖੋਜ ਤੇ ਉਚੇਰੀ ਸਿੱਖਿਆ ਤਕਨੀਕੀ ਸੰਸਥਾਵਾਂ ਦਾ ਪੱਧਰ ਹੇਠਾਂ ਨਾ ਡਿੱਗਣ ਦੇਵੇ। ਅਤੇ ਇਸਤੇ ਨਿਗਰਾਨੀ ਰੱਖੇ ਕਿ ਰਾਜ ਅਣਗਹਿਲੀ ਤਾਂ ਨਹੀਂ ਕਰ ਰਹੇ।

10. ਸਿੱਖਿਆ ਅਤੇ ਵਿਦੇਸ਼ਾਂ ਨਾਲ ਸੱਭਿਆਚਾਰਕ ਸੰਬੰਧ- ਸੰਘੀ ਸੂਚੀ ਇੱਕ ਦੀ ਪ੍ਰਵਿਸਟੀ 13 ਵਿਚ ਲਿਖਿਆ ਹੈ, "ਅੰਤਰਰਾਸ਼ਟਰੀ ਸੰਮੇਲਨਾਂ, ਸਭਾਵਾਂ ਅਤੇ ਹੋਰ ਸੰਸਥਾਵਾਂ ਵਿੱਚ ਹਿੱਸਾ ਲੈਣਾ ਅਤੇ ਉਨ੍ਹਾਂ ਵਿੱਚ ਕੀਤੇ ਗਏ ਫੈਸਲਿਆਂ ਨੂੰ ਲਾਗੂ ਕਰਨਾ। ਭਾਰਤੀ ਸਿੱਖਿਆ ਕਮਿਸ਼ਨ ਨੇ ਇਸ ਉਪਬੰਧ ਦੀ ਵਿਆਖਿਆ ਕਰਦੇ ਹੋਏ ਦੂਜੇ ਦੇਸ਼ਾਂ ਨਾਲ ਸਿੱਖਿਆ ਅਤੇ ਸੱਭਿਆਚਾਰਕ ਸੰਬੰਧ ਰੱਖਣ ਅਤੇ ਸੰਯੁਕਤ ਰਾਸ਼ਟਰ ਸੰਘ ਅਤੇ ਉਸ ਦੀਆਂ ਏਜੰਸੀਆਂ ਖਾਸ ਕਰਕੇ UNESCO ਦੇ ਕੰਮ ਵਿੱਚ ਹਿੱਸਾ ਲੈਣ ਦੀ ਜ਼ਿੰਮੇਵਾਰੀ ਭਾਰਤ ਸਰਕਾਰ ਨੂੰ ਦਿੱਤੀ ਹੈ।"

    ਸੱਤਵੀਂ ਅਨੁਸੂਚੀ ਦੀ ਸੂਚੀ ਇੱਕ ਦੀ ਪ੍ਰਵਿਸਟੀ 12 ਵਿੱਚ ਸੰਯੁਕਤ ਰਾਸ਼ਟਰ ਸੰਘ ਦਾ ਉਲੇਖ ਹੈ,ਇਸ ਤੋਂ ਸਪੱਸ਼ਟ ਹੈ ਕਿ ਕੇਂਦਰ ਯੂਨੈਸਕੋ ਵਰਗੇ ਵਿਦੇਸ਼ੀ ਵਿੱਦਿਅਕ ਸੰਗਠਨਾਂ ਨਾਲ ਸੰਬੰਧ ਰੱਖੇਗਾ।

    ਇਸ ਵਿੱਚ ਪ੍ਰਵਿਸਟੀ 10 (ਵਿਦੇਸ਼ੀ ਮਾਮਲੇ) ਵਿੱਚ ਵੀ ਵਿਦੇਸ਼ਾਂ ਤੋਂ ਵਿਦਿਅਕ ਸਹਾਇਤਾ ਪ੍ਰਾਪਤ ਕਰਨ ਦਾ ਉਲੇਖ ਹੈ।

11. 11ਸੰਘੀ ਖੇਤਰਾਂ ਵਿਚ ਸਿੱਖਿਆ: ਸੰਵਿਧਾਨ ਦੇ ਅਨੁਛੇਦ 239 ਵਿੱਚ ਲਿਖਿਆ ਹੈ ਕਿ ਜੋ ਲੋਕ ਸਭਾ ਜਾਂ ਕਾਨੂੰਨ ਦੁਆਰਾ ਕੋਈ ਹੋਰ ਪ੍ਰਬੰਧ ਨਾ ਕੀਤਾ ਹੋਵੇ, ਤਾਂ ਹਰੇਕ ਸੰਘੀ ਖੇਤਰ ਤੇ ਰਾਸ਼ਟਰਪਤੀ ਦਾ ਰਾਜ ਉਸ ਹੱਦ ਤੱਕ ਜਿੱਥੇ ਤੱਕ ਉਹ ਉਚਿਤ ਸਮਝੇ ਇਕ ਸ਼ਾਸਕ ਦੁਆਰਾ ਜਿਸਨੂੰ ਉਹ ਨਿਯੁਕਤ ਕਰੇਗਾ, ਚਲਾਇਆ ਜਾਵੇਗਾ। ਅਸਲ ਵਿੱਚ ਸੰਘੀ ਖੇਤਰਾਂ ਵਿੱਚ ਸਿੱਖਿਆ ਕੇਂਦਰ ਦੇ ਅਧਿਕਾਰ ਖੇਤਰ ਵਿਚ ਆਉਂਦੀ ਹੈ।ਇਸ ਲਈ ਭਾਰਤ ਸਰਕਾਰ ਸੰਘੀ ਖੇਤਰਾਂ ਵਿੱਚ ਸਿੱਖਿਆ ਦੀ ਜ਼ਿੰਮੇਵਾਰ ਹੈ।

12. ਆਰਥਿਕ ਅਤੇ ਸਮਾਜਿਕ ਯੋਜਨਾ- ਸੂਚੀ iii ਦੀ ਸਮਵਰਤੀ ਪ੍ਰਵਿਸਟੀ 20 ਦਾ ਸੰਬੰਧ ਆਰਥਿਕ ਅਤੇ ਸਮਾਜਿਕ ਯੋਜਨਾ ਨਾਲ ਹੈ। ਜੋ ਕਿ ਕੇਂਦਰ ਅਤੇ ਰਾਜਾਂ ਦੀ ਸਾਂਝੀ ਜਿੰਮੇਵਾਰੀ ਹੈ। ਇਸ ਵਿੱਚ ਲਿਖਿਆ ਹੈ ਆਰਥਿਕ ਅਤੇ ਸਮਾਜਿਕ ਯੋਜਨਾ ਕਿਉਂਕਿ ਆਰਥਿਕ ਅਤੇ ਸਮਾਜਿਕ ਵਿਕਾਸ ਦਾ ਸਿੱਖਿਆ ਨਾਲ ਗਹਿਰਾ ਸੰਬੰਧ ਹੈ।ਇਸ ਲਈ ਭਾਰਤ ਸਰਕਾਰ ਅਤੇ ਰਾਜ ਸਰਕਾਰ ਨੂੰ ਮਿਲ ਕੇ ਸਿੱਖਿਆ ਲਈ ਰਾਸ਼ਟਰੀ ਯੋਜਨਾ ਬਣਾਉਣੀ ਚਾਹੀਦੀ ਹੈ।

13. ਕਾਮਿਆਂ ਦੀ ਵਿਵਸਾਇਕ ਅਤੇ ਤਕਨੀਕੀ ਸਿਖਲਾਈ- ਸਮਵਰਤੀ ਸੂਚੀ 3 ਦੀ ਪ੍ਰਵਿਸਟੀ 25 ਦਾ ਸੰਬੰਧ ਸਿੱਖਿਆ ਨਾਲ ਹੈ। ਜਿਸਦੇ ਲਈ ਲੋਕ ਸਭਾ ਅਤੇ ਕਿਸੇ ਰਾਜ ਦੀ ਵਿਧਾਨ ਸਭਾ (ਵਿਸ਼ੇਸ਼ ਉਪਬੰਧ ਦੇ ਅਧੀਨ) ਕਾਨੂੰਨ ਬਣਾਉਣ ਦੀ ਸ਼ਕਤੀ ਰੱਖਦੀ ਹੈ।ਇਸ ਵਿੱਚ ਲਿਖਿਆ ਹੈ 'ਮਜ਼ਦੂਰਾਂ ਦੀ ਵਿਵਸਾਇਕ ਅਤੇ ਤਕਨੀਕੀ ਸਿਖਲਾਈ'।

14. ਸਿੱਖਿਆ ਕਾਰਜਾਂ ਲਈ ਵੱਖ-ਵੱਖ ਵਿਧਾਨਕ ਸ਼ਕਤੀਆਂ- ਸਾਡਾ ਸੰਵਿਧਾਨ ਸੰਘੀ ਹੈ। ਇਸ ਵਿੱਚ ਵਿਧਾਨਕ ਸ਼ਕਤੀਆਂ ਕੇਂਦਰ ਅਤੇ ਰਾਜਾਂ ਵਿੱਚ ਵੰਡੀਆਂ ਹੋਈਆਂ ਹਨ। ਕੁਝ ਸ਼ਕਤੀਆਂ ਸਮਵਰਤੀ ਸੂਚੀ ਵਿੱਚ ਹਨ। ਸੱਤਵੀਂ ਅਨੁਸੂਚੀ ਦੀਆਂ ਸੂਚੀਆਂ

ਪਹਿਲੀ ਸੂਚੀ (ਸੰਘੀ ਜਾਂ ਕੇਂਦਰੀ ਸੂਚੀ) -ਸੰਘੀ ਸੂਚੀ ਵਿੱਚ ਕੁੱਲ 97 ਵਿਸ਼ੇ ਹਨ, ਇਨ੍ਹਾਂ ਵਿਚੋਂ ਸੱਤ ਵਿਸ਼ੇ ਸਿੱਖਿਆ ਨਾਲ ਸਬੰਧਤ ਹਨ।

ਇੰਦਰਾਜ 13, 62, 63, 64,65, 66, 67.

ਦੂਜੀ ਸੂਚੀ- (ਰਾਜ ਸੂਚੀ) ਇਸ ਵਿੱਚ ਕੁੱਲ 66 ਵਿਸ਼ੇ ਸ਼ਾਮਲ ਹਨ ਇਸ ਵਿੱਚ ਦੋ ਵਿਸ਼ੇ ਸਿੱਖਿਆ ਨਾਲ ਸਬੰਧਤ ਹਨ, ਜਿਹੜੇ ਰਾਜਾਂ ਨੂੰ ਸਿੱਖਿਆ ਸੰਬੰਧੀ ਖ਼ੁਦਮੁਖਤਿਆਰੀ ਪ੍ਰਦਾਨ ਕਰਦੇ ਹਨ।

ਇੰਦਰਾਜ਼ ਗਿਆਰਾਂ, ਸਿੱਖਿਆ,ਇਸ ਵਿੱਚ ਯੂਨੀਵਰਸਿਟੀ ਦੀ ਸਿੱਖਿਆ ਵੀ ਸ਼ਾਮਲ ਹੈ,ਸੂਚੀ ਇੱਕ ਦੇ ਇੰਦਰਾਜ਼ 63, 64, 65, 66 ਅਤੇ ਸੂਚੀ 3 ਦੇ ਇੰਦਰਾਜ਼ 25, ਛੱਡ ਕੇ ਰਾਜ ਦਾ ਵਿਸ਼ਾ ਹੋਵੇਗੀ।

ਇੰਦਰਾਜ਼ 12, ਇਸ ਵਿੱਚ ਬਿਨਾਂ ਰਾਸ਼ਟਰੀ ਮਹੱਤਵ ਦੇ ਐਲਾਨ ਕੀਤੀ ਲਾਇਬ੍ਰੇਰੀ, ਅਜਾਇਬ ਘਰ ਅਤੇ ਅਜਿਹੀਆਂ ਹੋਰ ਸੰਸਥਾਵਾਂ ਅਤੇ ਪੁਰਾਤਨ ਇਤਿਹਾਸਕ ਯਾਦਗਾਰਾਂ ਅਤੇ ਸ਼ਿਲਾਲੇਖ ਜੋ ਰਾਜ ਦੁਆਰਾ ਨਿਯੰਤ੍ਰਿਤ ਅਤੇ ਵਿੱਤੀ ਵਿਵਸਥਿਤ ਹੋਣ, ਸ਼ਾਮਲ ਹਨ।

ਤੀਜੀ ਸੂਚੀ/ਸਮਵਰਤੀ/ਸਾਂਝੀ ਸੂਚੀ- ਇਸ ਵਿੱਚ ਕੁੱਲ 47 ਵਿਸ਼ੇ ਹਨ, ਇਨ੍ਹਾਂ ਵਿਚੋਂ ਛੇ ਸਿੱਖਿਆ ਨਾਲ ਪ੍ਰਤੱਖ ਜਾਂ ਅਪ੍ਰਤੱਖ ਰੂਪ ਨਾਲ ਸੰਬੰਧਤ ਹਨ।

ਇੰਦਰਾਜ਼ 25- ਤਕਨੀਕੀ, ਮੈਡੀਕਲ ਅਤੇ ਯੂਨੀਵਰਸਿਟੀ ਸਿੱਖਿਆ ਜਿਸਦਾ ਸੰਘੀ ਸੂਚੀ ਦੇ ਇੰਦਰਾਜ਼ 63,64 ਨਾਲ ਸੰਬੰਧ ਨਾ ਹੋਵੇ, ਮਜ਼ਦੂਰਾਂ ਦੀ ਕਿੱਤਈ ਅਤੇ ਤਕਨੀਕੀ ਟ੍ਰੇਨਿੰਗ ਦੇ ਵਿਸ਼ੇ ਦੇ ਸੰਬੰਧ ਵਿੱਚ ਕੇਂਦਰ ਅਤੇ ਰਾਜ ਦੋਵੇਂ ਕਾਨੂੰਨ ਬਣਾਉਣ ਦਾ ਅਧਿਕਾਰ ਰੱਖਦੇ ਹਨ।

ਇੰਦਰਾਜ਼ 26- ਇਸਦੇ ਮੁਤਾਬਕ ਕੇਂਦਰ ਅਤੇ ਰਾਜ ਕਾਨੂੰਨੀ ਸਿਹਤ ਅਤੇ ਹੋਰ ਵਿਵਸਾਇਕ ਸਿੱਖਿਆ ਦੇ ਵਿਕਾਸ ਲਈ ਅਹਿਮ ਕਦਮ ਉਠਾ ਸਕਦੇ ਹਨ।

ਸਿੱਟਾ- ਇਸ ਪ੍ਰਕਾਰ ਭਾਰਤ ਦੇ ਸੰਵਿਧਾਨ ਵਿੱਚ ਸਿੱਖਿਆ ਲਈ ਵਿਭਿੰਨ ਧਾਰਾਵਾਂ/ਅਨੁਛੇਦਾਂ ਵਿੱਚ ਵਿਵਸਥਾ ਕੀਤੀ ਗਈ ਹੈ। ਮੌਲਿਕ ਅਧਿਕਾਰ (21A) ਦੇ ਤਹਿਤ ਬੱਚਿਆਂ ਦੇ ਸਿੱਖਿਆ ਅਧਿਕਾਰਾਂ ਨੂੰ ਪੂਰੀ ਤਰ੍ਹਾਂ ਸੁਰੱਖਿਆ ਪ੍ਰਦਾਨ ਕੀਤੀ ਗਈ ਹੈ। ਦੇਸ਼ ਦੀ ਹੱਦ ਵਿਚ ਰਹਿ ਰਹੇ ਕਿਸੇ ਵੀ ਵਿਅਕਤੀ ਨਾਲ ਧਰਮ, ਨਸਲ, ਜਾਤ, ਰੰਗ, ਲਿੰਗ, ਸਥਾਨ, ਜਾਂ ਕਿਸੇ ਵੀ ਹੋਰ ਆਧਾਰ ਉਤੇ ਵਿਤਕਰਾ ਨਹੀਂ ਕੀਤਾ ਜਾ ਸਕਦਾ। ਸਿੱਖਿਆ ਵਿੱਚ ਸਾਰਿਆਂ ਨੂੰ ਬਰਾਬਰ ਦਾ ਅਧਿਕਾਰ ਸਾਮਲ ਹੈ। 42ਵੀਂ ਸ਼ੋਧ ਦੁਆਰਾ ਸਮਵਰਤੀ ਸੂਚੀ ਵਿੱਚ ਸਿੱਖਿਆ ਸ਼ਾਮਲ ਕਰਨ ਤੋਂ ਬਾਅਦ ਦੇਸ਼ ਨੂੰ ਸਿੱਖਿਆ ਸਰਵਵਿਆਪੀ ਢਾਂਚਾ ਮਿਲਿਆ ਤੇ ਸਾਰੇ ਦੇਸ਼ ਦੇ ਲੋਕਾਂ ਨੂੰ ਇਕ ਸਮਾਨ ਸਿੱਖਿਆ ਮਿਲਣ ਦੀ ਕਾਮਨਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਸਚਦੇਵਾ, ਪਰਦੀਪ (ਡਾ.), ਭਾਰਤੀ ਪ੍ਰਸ਼ਾਸਨ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ,2005.
2. ਕੌਮੀ ਸਿੱਖਿਆ ਨੀਤੀ,2020, ਸਿੱਖਿਆ ਮੰਤਰਾਲਾ, ਭਾਰਤ ਸਰਕਾਰ।
3. ਭਾਰਤ ਦਾ ਸੰਵਿਧਾਨ,(ਜਨਵਰੀ 2021 ਤਕ ਸ਼ੋਧ ਅਨੁਸਾਰ), ਭਾਰਤ ਸਰਕਾਰ।
4. http://www.mediapunjab.com.